PART-1

An initiative of SCERT Punjab under Mission 100%: Give Your Best

Simplified Study Material Science

CLASS 8TH

Prepared by: Science Resource Team, Punjab

ਸਕੂਲ ਸਿੱਖਿਆ ਵਿਭਾਗ, ਪੰਜਾਬ

ਤਿਆਰ ਕਰਤਾ ਨੀਰਜ ਸਿੰਘ ਕੰਵਰ (ਸਾਇੰਸ ਮਾਸਟਰ)
ਸ.ਹ.ਸ. ਭਾਗੋਵਾਲ, ਹੁਸ਼ਿਆਰਪੁਰ

ਰੀਵਿਊ ਟੀਮ				
ਲੜੀ ਨੰ	ਅਧਿਆਪਕ ਦਾ ਨਾਮ	ਅਹੁਦਾ	ਸਕੂਲ ਦਾ ਨਾਮ	ਜ਼ਿਲ੍ਹਾ
1	ਸ਼੍ਰੀ ਅਭਿਨਵ ਜੋਸ਼ੀ	ਸਾਇੰਸ ਮਾਸਟਰ	ਸ.ਕੰ.ਸ.ਸ.ਸ. ਸਨੌਰ	ਪਟਿਆਲਾ
2	ਸ਼੍ਰੀ ਹਰਮਨਦੀਪ ਸਿੰਘ	ਸਾਇੰਸ ਮਾਸਟਰ	ਸ.ਮਿ.ਸ ਬਟਰਿਆਣਾ	ਸੰਗਰੂਰ
3	ਸ਼੍ਰੀ ਨਰੇਸ਼ ਕੁਮਾਰ	ਸਾਇੰਸ ਮਾਸਟਰ	ਸ.ਸ.ਸ.ਸ. ਕਲੱਰ ਖੇੜਾ	ਫਾਜ਼ਿਲਕਾ
4	ਸ਼੍ਰੀ ਸੰਜੀਵ ਸ਼ਰਮਾ	ਸਾਇੰਸ ਮਾਸਟਰ	ਸ.ਸ.ਸ.ਸ ਧੀਰਾ	ਪਠਾਨਕੋਟ
5	ਸ਼੍ਰੀ ਹਰਜੀਤ ਸਿੰਘ	ਸਾਇੰਸ ਮਾਸਟਰ	ਸ.ਹ.ਸ ਬੁਰਜ ਮਹਿਮਾ	ਬਠਿੰਡਾ

ਬਹੁ-ਵਿਕਲਪੀ ਪ੍ਰਸ਼ਨ — 1 ਅੰਕ ਵਾਲੇ ਪ੍ਰਸ਼ਨ

1. ਛਿੱਟਾ ਦੇਣਾ ਇੱਕ ਢੰਗ ਹੈ:

(ੳ) ਨਦੀਨ ਕੱਢਣ ਦਾ (ਅ) ਬੀਜਣ ਦਾ (ੲ) ਸਿੰਚਾਈ ਦਾ (ਸ) ਕਟਾਈ ਦਾ

2. ਜਿਸ ਥਾਂ ਤੇ ਪਾਣੀ ਦੀ ਘਾਟ ਹੋਵੇ, ਉੱਥੇ ਸਿੰਚਾਈ ਦਾ ਸਭ ਤੋਂ ਵਧੀਆ ਢੰਗ ਕੀ ਹੈ?

(ੳ) ਆਢਾਂ/ਕੂਲਾਂ ਰਾਹੀ (ਅ) ਫੁਹਾਰਾ ਵਿਧੀ (ੲ) ਤੁਪਕਾ ਸਿੰਚਾਈ (ਸ) ਨਹਿਰੀ ਸਿੰਚਾਈ

3 . ਇਸ ਦੀ ਤਿਆਰੀ ਲਈ ਗੰਡੋਇਆਂ ਦੀ ਵਰਤੋਂ ਕੀਤੀ ਜਾਂਦੀ ਹੈ :

(ੳ) ਕੰਪੋਸਟ (ਅ) ਰੂੜੀ ਖਾਦ (ੲ) ਹਰੀ ਖਾਦ (ਸ) ਵਰਮੀਕੰਪੋਸਟ

4. ਰਸਾਇਣਿਕ ਖਾਦਾਂ ਦੀ ਵਰਤੋਂ ਤੋਂ ਬਿਨਾਂ ਫ਼ਸਲ ਉਗਾਉਣ ਦੇ ਢੰਗ ਨੂੰ ਕੀ ਆਖਦੇ ਹਨ?

(ੳ) ਜੈਵਿਕ ਖੇਤੀ (ਅ) ਦੋਗਲਾਕਰਣ (ੲ) ਮਿਸ਼ਰਤ ਖੇਤੀ (ਸ) ਫ਼ਸਲਾਂ ਦੀ ਅਦਲਾ-ਬਦਲੀ

5. ਤਿੰਨ ਬਹੁਮਾਤਰੀ ਪੋਸ਼ਕ ਤੱਤ ਹਨ:

(ੳ) ਫਾਸਫੋਰਸ, ਕਾਰਬਨ ਅਤੇ ਲੋਹਾ (ਅ) ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ

(ੲ) ਪੋਟਾਸ਼ੀਅਮ, ਕੈਲਸ਼ੀਅਮ ਅਤੇ ਮੈਗਨੀਸ਼ੀਅਮ (ਸ) ਨਾਈਟ੍ਰੋਜਨ, ਹਾਈਡ੍ਰੋਜਨ ਅਤੇ ਕਲੋਰੀਨ

6. ਤੂੜੀ ਵਿੱਚੋਂ ਦਾਣੇ ਵੱਖ ਕਰਨ ਦਾ ਢੰਗ ਕੀ ਹੈ?

(ੳ) ਕਟਾਈ (ਅ) ਛਿੱਟਾ ਦੇਣਾ (ੲ) ਗਹਾਈ (ਸ) ਛੱਟਣਾ

7. ਹੇਠ ਲਿਖਿਆਂ ਵਿੱਚੋਂ ਕਿਹੜੀ ਬਿਮਾਰੀ ਜੀਵਾਣੂ ਕਾਰਨ ਨਹੀਂ ਹੁੰਦੀ ?

(ੳ) ਟਾਈਫਾਈਡ (ਅ) ਟੈਟਨਸ (ੲ) ਹੈਜਾ (ਸ) ਮਲੇਰੀਆ

8. ਇਨ੍ਹਾਂ ਵਿੱਚੋਂ ਕਿਸ ਨੂੰ ਸਪਸ਼ਟ ਰੂਪ ਵਿੱਚ ਸਜੀਵ ਜਾਂ ਨਿਰਜੀਵ ਨਹੀਂ ਕਿਹਾ ਜਾ ਸਕਦਾ?

(ੳ) ਵਿਸ਼ਾਣੂ (ਅ) ਕਾਈ (ੲ) ਜੀਵਾਣੂ (ਸ) ਉੱਲੀ

9. ਇਨ੍ਹਾਂ ਵਿੱਚੋਂ ਕਿਹੜਾ ਆਪਣਾ ਭੋਜਨ ਆਪ ਤਿਆਰ ਕਰ ਸਕਦਾ/ਸਕਦੀ ਹੈ ?

(ੳ) ਕਾਈ (ਅ) ਬ੍ਰੈਡ ਮੋਲਡ (ਉੱਲੀ) (ੲ) ਡਾਇਐਟੋਮਸ (ਸ) ਅਮੀਬਾ

10. ਹੇਠ ਲਿਖਿਆਂ ਵਿੱਚੋਂ ਕਿਹੜੀ ਬਿਮਾਰੀ ਟੀਕਾਕਰਨ ਨਾਲ ਰੁਕਦੀ ਹੈ ?

(ੳ) ਮਲੇਰੀਆ (ਅ) ਪੋਲੀਓ (ੲ) ਦਾਦ-ਖਰਾਸ਼ (ਸ) ਹੈਜ਼ਾ

11. ਉੱਚ ਕੁਆਲਿਟੀ ਕੋਲਾ__________ ਹੈ|

(ੳ) ਪੀਟ (ਅ) ਲਿਗਨਾਈਟ (ੲ) ਬਿਟੂਮਿਨ (ਸ) ਐਂਥਰਾਸਾਈਟ

12. ਨਾ ਖਤਮ ਹੋਣ ਵਾਲਾ ਊਰਜਾ ਸਾਧਨ__________ ਹੈ|

(ੳ) ਕੋਲਾ (ਅ) ਪੈਟ੍ਰੋਲੀਅਮ (ੲ) ਹਵਾ (ਸ) ਕੁਦਰਤੀ ਗੈਸ

13. ਕਿਸ ਰਾਜ ਵਿੱਚ ਕੋਈ ਵੀ ਕੋਲੇ ਦੀ ਖਾਨ ਨਹੀਂ ਹੈ?

(ੳ) ਉੜੀਸਾ (ਅ) ਪੰਜਾਬ (ੲ) ਝਾਰਖੰਡ (ਸ) ਪੱਛਮੀ ਬੰਗਾਲ

14. ਕੋਲੇ ਦਾ ਕਿਹੜਾ ਉਤਪਾਦ ਮਾੱਥ (ਕੀੜੇ) ਭਜਾਉਣ ਲਈ ਵਰਤਿਆ ਜਾਂਦਾ ਹੈ ?

(ੳ) ਕੋਲਤਾਰ (ਅ) ਕੋਕ (ੲ) ਨੈਫ਼ਥਾਲੀਨ (ਸ) ਬੈਨਜੀਨ

15. ਹੇਠ ਲਿਖਆਂ ਵਿੱਚੋਂ ਕਿਹੜੀ ਗੈਸ ਬਲਣ ਵਿੱਚ ਸਹਾਇਕ ਹੁੰਦੀ ਹੈ ?

(ੳ) ਹਾਈਡ੍ਰੋਜਨ (ਅ) ਆਕਸੀਜਨ (ੲ) ਨਾਈਟ੍ਰੋਜਨ (ਸ) ਕਾਰਬਨ ਡਾਈਆਕਸਾਈਡ

16. ਨਪੀੜਤ ਕੁਦਰਤੀ ਗੈਸ ਦਾ ਬਲਣਾ ਕਿਸ ਦੀ ਉਦਾਹਰਣ ਹੈ ?

(ੳ) ਤੇਜ਼ ਬਲਣ (ਅ) ਸੁਭਾਵਕ ਬਲਣ (ੲ) ਹੋਲੀ ਬਲਣ (ਸ) ਉਪਰੋਕਤ ਵਿੱਚੋਂ ਕੋਈ ਨਹੀਂ।

17. ਹੇਠ ਲਿਖੇ ਵਿੱਚੋਂ ਕਿਹੜਾ ਸੁਭਾਵਕ ਬਲਣ ਦੀ ਉਦਾਹਰਨ ਹੈ?

(ੳ) ਪੈਟਰੋਲ ਨੂੰ ਜਲਾਉਣਾ (ਅ) ਮੈਗਨੀਸ਼ੀਅਮ ਰਿਬਨ ਨੂੰ ਜਲਾਉਣਾ

(ੲ) ਕਪੂਰ ਨੂੰ ਜਲਾਉਣਾ (ਸ) ਚਿੱਟੇ ਫਾਸਫੋਰਸ ਨੂੰ ਜਲਾਉਣਾ।

18. ਘੱਟੋ ਘੱਟ ਤਾਪਮਾਨ ਜਿਸ ਤੋ ਬਾਲਣ ਅੱਗ ਵੜਦਾ ਹੈ।

(ੳ) ਪਿਘਲਣ ਦਾ ਤਾਪਮਾਨ (ਅ) ਉਬਲਣ ਤਾਪਮਾਨ (ੲ) ਜਲਣ ਤਾਪਮਾਨ (ਸ) ਇਹਨਾਂ ਵਿੱਚੋਂ ਕੋਈ ਨਹੀਂ

19. ਜੈਵਿਕ ਵਿਭਿੰਨਤਾ ਦਿਵਸ ਕਦੋਂ ਮਨਾਇਆ ਜਾਂਦਾ ਹੈ?

(ੳ) 22 ਫਰਵਰੀ (ਅ) 22 ਮਾਰਚ (ੲ) 22 ਅਪ੍ਰੈਲ (ਸ) 22 ਮਈ

20. ਇਸ ਪ੍ਰਜਾਤੀ ਦੇ 100% ਜੀਵ ਭਾਰਤ ਵਿੱਚ ਪਾਏ ਜਾਂਦੇ ਹਨ।

(ੳ) ਹਾਥੀ (ਅ) ਬਾਘ (ੲ) ਸ਼ੇਰ (ਸ) ਜੰਗਲੀ ਮੱਝ

21. ਉੱਡਣੀ ਗਿਲਹਰੀ ਇੱਥੇ ਦੀ ਸਥਾਨਕ ਪ੍ਰਜਾਤੀ (Endemic species) ਹੈ।

(ੳ) ਗਿਰ ਫਾਰੈਸਟ ਗੁਜਰਾਤ (ਅ) ਪੰਚਮੜੀ ਜੀਵ-ਮੰਡਲ ਰਿਜ਼ਰਵ

(ੲ) ਕਾਜ਼ੀਰੰਗਾ ਰਾਸ਼ਟਰੀ ਪਾਰਕ (ਸ) ਜਿੰਮ ਕਾਰਬੈਟ ਰਾਸ਼ਟਰੀ ਪਾਰਕ

22. ਇਹ ਪ੍ਰਜਾਤੀ ਭਾਰਤ ਵਿੱਚੋਂ ਪੂਰੀ ਤਰਾਂ ਅਲੋਪ ਹੋ ਚੁੱਕੀ ਹੈ।

(ੳ) ਚੀਤਾ (ਅ) ਬੰਗਾਲ ਟਾਈਗਰ (ੲ) ਜੰਗਲੀ ਕੁੱਤਾ (ਸ) ਜੰਗਲੀ ਖੋਤਾ

23. ਇਹ ਗੁਜਰਾਤ ਦੀ ਖੇਤਰੀ ਪ੍ਰਜਾਤੀ ਹੈ।

(ੳ) ਜੰਗਲੀ ਖੋਤਾ (ਅ) ਬੰਗਾਲ ਟਾਈਗਰ (ੲ) ਗੈਂਡਾ (ਸ) ਹਾਥੀ

24. ਇਨ੍ਹਾਂ ਵਿੱਚੋਂ ਕਿਹੜੇ, ਮਨੁੱਖ ਦੇ ਨਰ ਜਣਨ ਅੰਗ ਹਨ।

(ੳ) ਸ਼ੁਕਰਾਣੂ (ਅ) ਅੰਡਾਣੂ (ੲ) ਪਤਾਲੂ (ਸ) ਅੰਡਕੋਸ਼

25. ਇਨ੍ਹਾਂ ਵਿੱਚੋਂ ਕਿਹੜਾ ਦੋ ਲਿੰਗੀ ਜੀਵ (Hermaphrodite) ਹੈ?

(ੳ) ਡੱਡੂ (ਅ) ਗਾਂ (ੲ) ਕੁੱਤਾ (ਸ) ਗੰਡੋਆ

26. ਮਨੁੱਖ ਵਿੱਚ ਨਿਸ਼ੇਚਨ ਕਿਰਿਆ ਕਿੱਥੇ ਵਾਪਰਦੀ ਹੈ ?

(ੳ) ਅੰਡ ਵਹਿਣੀ (Oviduct) (ਅ) ਗਰਭਕੋਸ਼ (uterus) (ੲ) ਅੰਡਕੋਸ਼ (Ovary) (ਸ) ਯੋਨੀ (Vagina)

27. ਮੱਛਰ ਵਿੱਚ ਅੰਡਾ ਵਿਕਸਿਤ ਹੋ ਕੇ ਕੀ ਬਣਦਾ ਹੈ ?

(ੳ) ਪਿਊਪਾ (ਅ) ਭਰੂਣ (ੲ) ਲਾਰਵਾ (ਸ) ਬਾਲਗ ਮੱਛਰ

28. ਸ਼ੁਕਰਾਣੂ (Sperm) ਅਤੇ ਅੰਡਾਣੂ (Egg) ਦੇ ਮੇਲ ਤੋਂ ਕੀ ਬਣਦਾ ਹੈ।

(ੳ) ਯੁਗਮਜ (ਅ) ਯੁਗਮਕ (ੲ) ਭਰੂਣ (ਸ) ਅੰਡਵਹਿਣੀ

29. ਔਰਤਾਂ ਵਿੱਚ ਪ੍ਰਜਣਨ ਦੀ ਉਮਰ ਸ਼ੁਰੂ ਹੁੰਦੀ ਹੈ ਜਦੋਂ:-

(ੳ) ਮਾਸਿਕ ਚੱਕਰ ਸ਼ੁਰੂ ਹੁੰਦਾ ਹੈ (ਅ) ਕੱਦ (ਲੰਬਾਈ) ਵਧ ਜਾਂਦਾ ਹੈ।

(ੲ) ਭਾਰ ਵੱਧਦਾ ਹੈ (ਸ) ਰਜੋਨਿਵ੍ਰਿਤੀ ਸ਼ੁਰੂ ਹੁੰਦੀ ਹੈ।

30. ਹੇਠ ਲਿਖਿਆਂ ਵਿੱਚੋਂ ਕਿਹੜਾ ਕਿਸ਼ੋਰਾਂ ਲਈ ਸਹੀ ਭੋਜਨ ਹੈ ?

(ੳ) ਨੂਡਲਜ, ਕੇਕ ਅਤੇ ਚਿਪਸ (ਅ) ਪੀਜਾ, ਚਿਪਸ ਅਤੇ ਕੋਕ

(ੲ) ਪੀਜਾ, ਨੂਡਲਜ ਅਤੇ ਬਰਗਰ (ਸ) ਰੋਟੀ, ਦਾਲਾਂ ਅਤੇ ਸਬਜ਼ੀਆਂ।

31 ਮਰਦਾਂ ਵਿੱਚ ਪਤਾਲੂ ਹੇਠ ਲਿਖਿਆਂ ਵਿੱਚੋਂ ਕੀ ਉਤਪੰਨ ਕਰਦੇ ਹਨ?

(ੳ) ਐਸਟ੍ਰੋਜਨ (ਅ) ਟੈਸਟੋਸਟੀਰੋਨ (ੲ) ਇਨਸੂਲਿਨ (ਸ) ਪ੍ਰੋਜੈਸਟਰੋਨ

32 ਆਇਓਡੀਨ ਦੀ ਘਾਟ ਕਾਰਨ ਹੋਣ ਵਾਲਾ ਰੋਗ ਕਿਹੜਾ ਹੈ ?

(ੳ) ਗਿੱਲੜ (ਅ) ਸ਼ੱਕਰ ਰੋਗ (ੲ) ਰਿਕਟਸ (ਸ) ਅਨੀਮੀਆ

33. ਸ਼ੱਕਰ ਰੋਗ ਕਿਸ ਹਾਰਮੋਨ ਦੀ ਘਾਟ ਕਾਰਨ ਹੁੰਦਾ ਹੈ ?

(ੳ) ਐਸਟ੍ਰੋਜਨ (ਅ) ਟੈਸਟੋਸਟੀਰੋਨ (ੲ) ਇਨਸੂਲਿਨ (ਸ) ਥਾਇਰਾੱਕਸਿਨ

34. ਕਿਹੜੀ ਰਗੜ ਦੀ ਮਾਤਰਾ ਸਭ ਤੋਂ ਜ਼ਿਆਦਾ ਹੁੰਦੀ ਹੈ।

(ੳ) ਸਰਕਣਸ਼ੀਲ ਰਗੜ (ਅ) ਵੇਲਨੀ ਰਗੜ (ੲ) ਸਥਿਤਿਕ ਰਗੜ (ਸ) ਇਹਨਾਂ ਵਿੱਚੋਂ ਕੋਈ ਨਹੀਂ।

35. ਅਸੀਂ ਕਿਹੜੇ ਤਰੀਕਿਆਂ ਦੀ ਵਰਤੋਂ ਰਗੜ ਨੂੰ ਘੱਟ ਕਰਨ ਲਈ ਕਰਦੇ ਹਾਂ ?

(ੳ) ਸਤ੍ਹਾ ਨੂੰ ਮੁਲਾਇਮ ਬਣਾਕੇ (ਅ) ਬਾਲ ਬੇਅਰਿੰਗ ਦੀ ਵਰਤੋਂ ਕਰਕੇ

(ੲ) ਤੇਲ ਜਾਂ ਸਨੇਹਕ ਲਗਾਕੇ (ਸ) ਉਪਰੋਕਤ ਸਾਰੇ।

36 . ਅਸੀਂ ਰਗੜ ਨੂੰ ਵਧਾਉਣ ਲਈ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਕਿਸ ਨੂੰ ਅਪਣਾਉਂਦੇ ਹਾਂ?

(ੳ) ਰੋਲਰ ਦੀ ਵਰਤੋਂ ਕਰਕੇ (ਅ) ਟਾਇਰ ਟ੍ਰੈਡਸ

(ੲ) ਤੇਲ ਜਾਂ ਸਨੇਹਕ ਦੀ ਵਰਤੋਂ ਕਰਕੇ (ਸ) ਸਤ੍ਹਾ ਨੂੰ ਮੁਲਾਇਮ ਬਣਾ ਕੇ

37. ਹੇਠਾਂ ਦਿੱਤੇ ਵਿੱਚੋਂ ਕਿਹੜੀ ਸਰਕਣਸ਼ੀਲ ਰਗੜ ਦੀ ਉਦਾਹਰਨ ਹੈ?

(ੳ) ਫਰਸ਼ ਤੇ ਰੇਤ ਦੇ ਬੈਗ ਨੂੰ ਖਿੱਚਣਾ (ਅ) ਇੱਕ ਟਰਾਲੀ ਵਿੱਚ ਰੋਲਰ ਦੀ ਵਰਤੋਂ

(ੲ) ਬਾਲ ਬੇਅਰਿੰਗ ਦੀ ਵਰਤੋਂ (ਸ) ਲੱਕੜ ਦੇ ਵੱਡੇ ਟੁਕੜੇ ਖਿੱਚਣ ਲਈ ਰੋਲਰ ਦੀ ਵਰਤੋਂ

38. ਇਹ ਆਕਾਰ ਜਲੀ ਜੀਵਾਂ ਨੂੰ ਪਾਣੀ ਵਿੱਚ ਤੈਰਨ ਵਿੱਚ ਮਦਦ ਕਰਦਾ ਹੈ:

(ੳ) ਚਪਟਾ ਸ਼ਰੀਰ (ਅ) ਸਟ੍ਰੀਮਲਾਈਂਡ ਸ਼ਰੀਰ (ੲ) ਚੋੜਾ ਸਰੀਰ (ਸ) ਖੁਰਦਰਾ ਸਰੀਰ

39. ਧੁਨੀ ਦੀ ___________ਉਸ ਦੇ ਆਯਾਮ ਤੇ ਨਿਰਭਰ ਕਰਦੀ ਹੈ।

(ੳ) ਗਤੀ (ਅ) ਪ੍ਰਬਲਤਾ (ੲ) ਪਿੱਚ (ਸ) ਸਰੋਤ

40. ਧੁਨੀ _____________ ਵਿੱਚੋਂ ਸੰਚਾਰ ਕਰ ਸਕਦੀ ਹੈ।

(ੳ) ਸਿਰਫ ਗੈਸਾਂ ਵਿੱਚੋਂ (ਅ) ਸਿਰਫ ਤਰਲਾਂ ਵਿੱਚੋਂ (ੲ) ਸਿਰਫ ਠੋਸਾਂ ਵਿੱਚੋਂ (ਸ) ਠੋਸ, ਤਰਲ ਅਤੇ ਗੈਸਾਂ ਸਭ ਵਿੱਚ

41. ਜਦੋਂ ਤੁਸੀਂ ਵਜਦੀ ਹੋਈ ਘੰਟੀ ਨੂੰ ਛੂਹ ਲੈਂਦੇ ਹੋ ਤਾਂ

(ੳ) ਘੰਟੀ ਕੰਪਨ ਕਰਨਾ ਬੰਦ ਕਰ ਦਿੰਦੀ ਹੈ। (ਅ) ਘੰਟੀ ਕੰਪਨ ਤਾਂ ਕਰਦੀ ਹੈ ਪਰ ਸੁਣਦੀ ਨਹੀਂ।

(ੲ) ਕੰਪਨ ਵਿੱਚ ਕੋਈ ਬਦਲਾਵ ਨਹੀਂ (ਸ) ਆਯਾਮ ਵੱਧਦਾ ਹੈ।

42. ਇਹ ਬਿਜਲੀ ਦਾ ਇੱਕ ਚੰਗਾ ਚਾਲਕ ਹੈ:

(ੳ) ਬੈਕੇਲਾਈਟ (ਅ) ਰਬੜ (ੲ) ਪੀ.ਵੀ.ਸੀ. (PVC) (ਸ) ਗ੍ਰੇਫਾਈਟ

43. ਲੋਹੇ ਉੱਤੇ ਇਸ ਧਾਤ ਦੀ ਪਰਤ ਚੜ੍ਹਾਉਣ ਨੂੰ ਗੇਲਵੇਨਾਈਜ਼ੇਸ਼ਨ ਕਹਿੰਦੇ ਹਨ।

(ੳ) ਸੋਨਾ (ਅ) ਚਾਂਦੀ (ੲ) ਜ਼ਿੰਕ ਜਾਂ ਜਿਸਤ (ਸ) ਪਾਰਾ (Mercury)

44. ਕਿਹੜਾ ਦ੍ਰਵ ਬਿਜਲੀ ਦਾ ਚੰਗਾ ਚਾਲਕ ਨਹੀਂ ਹੈ?

(ੳ) ਨਿੰਬੂ ਦਾ ਰਸ (ਅ) ਕਸ਼ੀਦਤ ਪਾਣੀ (ੲ) ਸਾਧਾਰਨ ਲੂਣ ਦਾ ਘੋਲ (ਸ) ਕਾਪਰ ਸਲਫੇਟ ਦਾ ਘੋਲ

45. ਇਹ ਬਿਜਲੀ ਦੇ ਰਸਾਇਣਿਕ ਪ੍ਰਭਾਵ ਤੇ ਨਿਰਭਰ ਕਰਦਾ ਹੈ-

(ੳ) ਬਿਜਲੀ ਮੁਲੰਮਾਕਰਣ (ਅ) ਬਲਬ ਦਾ ਚਮਕਣਾ (ੲ) ਜੋਹਰ ਉਡਾਉਣਾ (ਸ) ਕਸ਼ੀਦਣ

46, ਵਾਹਨਾਂ ਦੇ rima ਦੇ ਉੱਪਰ kis ਦੀ ਪਰਤ ਚੜ੍ਹਾਈ ਜਾਂਦੀ ਹੈ?

(ੳ) ਸੋਨਾ (ਅ) ਚਾਂਦੀ (ੲ) ਕਰੋਮੀਅਸ (ਸ) ਕਾਪਰ

47. ਇਹਨਾਂ ਵਿੱਚੋਂ ਕਿਹੜੀ ਮਹਾਂਮਾਰੀ ਹੈ?

(ੳ) ਡੇਂਗੂ (ਅ) ਸਵਾਈਨ ਫਲੂ (ੲ) ਹੈਜ਼ਾ (ਸ) ਉਪਰੋਕਤ ਸਾਰੇ

48. ਇਹ ਮਹਾਂਮਾਰੀ ਨਹੀਂ, ਵਿਸ਼ਵਵਿਆਪੀ ਮਹਾਂਮਾਰੀ ਹੈ।

(ੳ) ਡੇਂਗੂ (ਅ) Covid-19 (ੲ) ਬੰਗਾਲ ਦੀ ਪਲੇਗ (ਸ) ਇਥੋਪੀਆ ਦਾ ਸੋਕਾ

49. ਭੂਚਾਲ ਦੀ ਆਵ੍ਰਿਤੀ ਕਿਸ ਯੰਤਰ ਨਾਲ ਮਾਪੀ ਜਾਂਦੀ ਹੈ?

(ੳ) ਬੈਰੋਮੀਟਰ (ਅ) ਅਨੀਮੋਮੀਟਰ (ੲ) ਸੀਜ਼ਮੋਗਰਾਫ (ਸ) ਲੈਕਟੋਮੀਟਰ

50. ਇਨ੍ਹਾਂ ਦੇ ਸਥਾਨੰਤਰਣ ਨਾਲ ਚਾਰਜ ਪੈਦਾ ਹੁੰਦਾ ਹੈ।

(ੳ) ਇਲੈਕਟ੍ਰਾਨ (ਅ) ਪ੍ਰੋਟਾਨ (ੲ) ਪਰਮਾਣੂ (ਸ) ਨਿਊਟ੍ਰਾਨ

51, ਆਕਾਸ਼ੀ ਬਿਜਲੀ ਦੀ ਗਰਜ/ ਚਮਕ ਸਮੇਂ ਸਾਨੂੰ ਇੱਥੇ ਪਨਾਹ ਲੈਣੀ ਚਾਹੀਦੀ ਹੈ:

(ੳ) ਵੱਡੇ ਰੁੱਖਾਂ ਹੇਠਾਂ (ਅ) ਬਿਜਲੀ ਦੇ ਖੰਭੇ ਨੇੜੇ (ੲ) ਕਿਸੇ ਇਮਾਰਤ ਦੇ ਅੰਦਰ (ਸ) ਛਤਰੀ ਹੇਠਾਂ

52. ਇਹ ਦੇਖਣ (ਦ੍ਰਿਸ਼ਟੀ)ਦੀ ਸੰਵੇਦਨਾ ਦਿਮਾਗ ਤੱਕ ਲੈ ਕੇ ਜਾਂਦੀ ਹੈ।

(ੳ) ਸਤਰੰਗੀ ਪੀਂਘ (ਅ) ਪੀਲਾ ਬਿੰਦੂ (ੲ) ਅੰਧ ਬਿੰਦੂ (ਸ) ਪ੍ਰਕਾਸ਼ ਨਸ

53. ਸਧਾਰਨ ਅੱਖ ਲਈ ਸਪਸ਼ਟ ਦ੍ਰਿਸ਼ਟੀ ਦੀ ਨਿਊਨਤਮ ਦੂਰੀ ਕੀ ਹੈ?

(ੳ) ਅਨੰਤ (ਅ) 50 ਮੀਟਰ (ੲ) 25 ਸੈਂ. ਮੀ. (ਸ) 5 ਸੈਂਟੀਮੀਟਰ

54. ਅੱਖ ਦੇ ਡੇਲੇ ਵਿੱਚ ਲੈੱਨਜ਼ ਦੇ ਪਿਛਲੇ ਪਾਸੇ ਕਿਹੜਾ ਦ੍ਰਵ ਹੁੰਦਾ ਹੈ?

(ੳ) ਐਕੂਅਸ ਹਿਊਮਰ (ਅ) ਵਿਟਰਸ ਹਿਊਮਰ (ੲ) ਹੰਝੂ (ਸ) ਲਾਰ

55. ਇਹ ਆਪਣੀ ਇੱਕ ਅੱਖ ਅੱਗੇ ਅਤੇ ਇੱਕ ਪਿੱਛੇ ਵੱਲ ਘੁਮਾ ਸਕਦੀ ਹੈ:

(ੳ) ਤਿੱਤਲੀ (ਅ) ਗਿਰਗਿਟ (ੲ) ਘਰੇਲੂ ਮੱਖੀ (ਸ) ਉੱਲੂ

56. ਇਸ ਦੀ ਸਹਾਇਤਾ ਨਾਲ ਸੁੰਦਰ ਪੈਟਰਨ ਵੇਖੇ ਜਾ ਸਕਦੇ ਹਨ:

(ੳ) ਸੂਖਮਦਰਸ਼ੀ (ਅ) ਦਰਪਣ (ੲ) ਦੂਰਬੀਨ (ਸ) ਕਲਾਈਡੋਸਕੋਪ

ਉੱਤਰ—1. (ਅ) 2. (ੲ) 3. (ਸ) 4. (ੳ) 5. (ਅ) 6. (ੲ) 7. (ਸ) 8. (ੳ) 9. (ੳ) 10. (ਅ) 11. (ਸ) 12. (ੲ) 13. (ਅ) 14. (ੲ) 15. (ੳ) 16. (ੳ) 17. (ਸ) 18. (ੲ) 19. (ਸ) 20. (ੲ) 21. (ਅ) 22. (ੳ) 23. (ੳ) 24 (ੲ) 25, (ਸ) 26. (ੳ) 27, (ੲ) 28 (ੳ) 29. (ੳ) 30 (ਸ) 31. (ਅ) 32. (ੳ) 33 (ੲ) 34. (ੲ) 35. (ਸ) 36. (ਅ) 37. (ੳ) 38 (ਅ) 39 (ਅ) 40. (ਸ) 41. (8) 42 (ਸ) 43. (ੲ) 44. (ਅ) 45. (ੳ) 46. (ੲ) 47 (ਸ) 48 (ਅ) 49. (ੲ) 50. (ੳ) 51 (ੲ) 52, (ਸ) 53, (ੲ) 54 (ਅ) 55. (ਅ) 56 (ਸ)

2. ਖਾਲੀ ਥਾਵਾਂ ਭਰੋ (1 ਅੰਕ ਵਾਲੇ ਪ੍ਰਸ਼ਨ)

1. ਕੋਈ ਵੀ ਸੂਖਮਜੀਵ ਜਾਂ ਵੱਡਾ ਜੰਤੂ ਜੋ ਫਸਲਾਂ ਨੂੰ ਹਾਨੀ ਪਹੁੰਚਾਵੇ ਉਸ ਨੂੰ __________ਕਹਿੰਦੇ ਹਨ।
2. ਜਦੋਂ ਖੇਤ ਵਿੱਚ ਇੱਕ ਕਿਸਮ ਦੇ ਪੌਦੇ ਉਗਾਏ ਜਾਂਦੇ ਹਨ ਤਾਂ ਉਸ ਨੂੰ ______________ਕਹਿੰਦੇ ਹਨ।
3. ਸਰਦੀਆਂ ਵਿੱਚ ਬੀਜੀਆਂ ਜਾਣ ਵਾਲੀਆਂ ਫਸਲਾਂ ਨੂੰ_____________ ਦੀਆਂ ਫ਼ਸਲਾਂ ਕਹਿੰਦੇ ਹਨ।
4. ਮੱਛੀ ਉਤਪਾਦਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਨੂੰ____________ ਕਹਿੰਦੇ ਹਨ |
5. ਫਸਲ ਉਤਪਾਦ ਨੂੰ ਬਜ਼ਾਰ ਵਿੱਚ ਵੇਚਣਾ_____________ਕਹਾਉਂਦਾ ਹੈ।
6. ਘਰਾਂ ਵਿੱਚ ਦਾਣੇ_______________ਵਿੱਚ ਭੰਡਾਰਤ ਕੀਤੇ ਜਾਂਦੇ ਹਨ।
7.__________ਨੂੰ ਸੂਖਮਦਰਸ਼ੀ ਯੰਤਰ ਦੀ ਸਹਾਇਤਾ ਨਾਲ ਦੇਖਿਆ ਜਾ ਸਕਦਾ ਹੈ।
8.___________ਉਹ ਜੀਵਾਣੂ ਹੈ ਜੋ ਦਹੀ ਬਣਾਉਣ ਵਿੱਚ ਮਦਦ ਕਰਦਾ ਹੈ।
9.__________ਵਰਗੀਆਂ ਉੱਲੀਆ ਭੋਜਨ ਵਿੱਚ ਵਿਸ਼ੈਲਾਪਨ ਕਰਦੀਆਂ ਹਨ।
10. ਪਾਸਚਰੀਕਰਣ ਦੌਰਾਨ ਦੁੱਧ ਨੂੰ___ਤੋਂ ____ਤੱਕ ਗਰਮ ਕਰਕੇ ਅਚਾਨਕ ਠੰਡਾ ਕਰਕੇ ਸਟੋਰ ਕੀਤਾ ਜਾਂਦਾ ਹੈ।

11. ਕੋਲੇ ਅਤੇ ਪੈਟ੍ਰੋਲੀਅਮ______________ਬਾਲਣ ਹਨ।

12. ਹਵਾ, ਸੂਰਜੀ ਊਰਜਾ ਆਦਿ ਸਾਧਨ ਜੋ ਵਰਤੇ ਜਾਣ ਤੇ ਖਤਮ ਨਹੀਂ ਹੁੰਦੇ,______ ਕੁਦਰਤੀ ਸਾਧਨ ਅਖਵਾਉਂਦੇ ਹਨ।

13. ਮ੍ਰਿਤ ਬਨਸਪਤੀ ਦਾ ਕੋਲੇ ਵਿੱਚ ਬਦਲਣ ਦੀ ਪ੍ਰਕਿਰਿਆ ਨੂੰ___________ਕਹਿੰਦੇ ਹਨ।

14. ਕੋਲੇ ਨੂੰ ਹਵਾ ਅਤੇ ਆਕਸੀਜਨ ਦੀ ਮੌਜੂਦਗੀ ਵਿੱਚ ਜਲਾਉਣ ਉਪਰੰਤ __________ਗੈਸ ਪੈਦਾ ਹੁੰਦੀ ਹੈ।

15. ਐਲ.ਪੀ.ਜੀ ਦਾ ਕੈਲੋਰੀ ਮੁੱਲ____________ ਹੈ।

16.__________ ਭਾਗ ਲਾਟ ਦਾ ਸਭ ਤੋਂ ਗਰਮ ਭਾਗ ਹੁੰਦਾ ਹੈ।

17.__________ ਬਲਣ ਲਈ ਜ਼ਰੂਰੀ ਹੈ।

18. ਲੱਕੜ ਅਤੇ ਕੋਲੇ ਦਾ ਜਲਣਾ ਹਵਾ ਵਿੱਚ _______ ਦਾ ਕਾਰਨ ਬਣਦਾ ਹੈ।

19.____________ਘਰਾਂ ਵਿੱਚ ਵਰਤਿਆ ਜਾਣ ਵਾਲਾ ਇੱਕ ਤਰਲ ਬਾਲਣ ਹੈ।

20. ਬਾਲਣ ਨੂੰ ਜਲਾਉਣ ਤੋਂ ਪਹਿਲਾਂ ਇਸ ਦੇ___________ ਤੱਕ ਗਰਮ ਕਰਨਾ ਚਾਹੀਦਾ ਹੈ।

21. ਤੇਲ ਦੁਆਰਾ ਪੈਦਾ ਕੀਤੀ ਅੱਗ ਨੂੰ____________ ਦੁਆਰਾ ਕਾਬੂ ਨਹੀਂ ਕੀਤਾ ਜਾ ਸਕਦਾ।

22. ਪ੍ਰਵਾਸੀ ਪੰਛੀ ਭਾਰਤ ਵਿੱਚ_________________ਰੁੱਤ ਵਿੱਚ ਆਉਂਦੇ ਹਨ।

23._____________ ਪ੍ਰਜਾਤੀਆਂ ਕਿਸੇ ਵਿਸ਼ੇਸ਼ ਖੇਤਰ ਵਿੱਚ ਪਾਈਆਂ ਜਾਂਦੀਆਂ ਹਨ।

24. ਪੰਜਾਬ ਦਾ ਰਾਜ ਪਸ਼ੂ_______________ਵੀ ਖਤਰੇ ਦੀ ਕਗਾਰ ਵਾਲਾ ਜੀਵ ਹੈ।

25.__________ ਮਹੀਨੇ ਦਾ ਪਹਿਲਾ ਹਫ਼ਤਾ ਜੰਗਲੀ ਜੀਵ ਸੁਰੱਖਿਆ ਹਫ਼ਤਾ ਵਜੋਂ ਮਨਾਇਆ ਜਾਂਦਾ ਹੈ।

26. ਕਾਂਝਲੀ ਜਲਗਾਹ ਪੰਜਾਬ ਦੇ__________ ਜ਼ਿਲ੍ਹੇ ਵਿੱਚ ਹੈ।

27. ਉਪਜਾਊ ਭੂਮੀ ਨੂੰ_____________ਵਿੱਚ ਬਦਲਣ ਦੀ ਪ੍ਰਕਿਰਿਆ ਨੂੰ ਮਾਰੂਥਲੀਕਰਨ ਕਹਿੰਦੇ ਹਨ।

28. ਸ਼ੁਕਰਾਣੂ ਅਤੇ ਅੰਡਾਣੂ ਦੇ ਮੇਲ ਹੋਣ ਦੀ ਕਿਰਿਆ ਨੂੰ_________ ਕਹਿੰਦੇ ਹਨ |

29.___________ ਪ੍ਰਜਣਨ ਦੌਰਾਨ ਯੁਗਮਕਾਂ ਦਾ ਮੇਲ ਨਹੀਂ ਹੁੰਦਾ।

30.___________ਵਿੱਚ ਦੋ ਖੰਡਨ ਹੁੰਦਾ ਹੈ।

31. ਮਨੁੱਖ ਵਿੱਚ___________ ਨਿਸ਼ੇਚਨ ਕਿਰਿਆ ਹੁੰਦੀ ਹੈ |

32. ਯੁਗਮਜ (Zygote) ਦੇ ਬਾਰ-ਬਾਰ ਵਿਭਾਜਨ ਤੋਂ ਬਾਅਦ___________ਪੈਦਾ ਹੁੰਦਾ ਹੈ |

33 ਅੰਡਾਣੂ ਦਾ ਸ਼ੁਕਰਾਣੂ ਦੁਆਰਾ ਨਿਸ਼ੇਚਨ ਹੋਣ ਤੋਂ_________________ ਬਣਦਾ ਹੈ।

34 ਅੰਤਰ-ਰਿਸਾਵੀ ਗ੍ਰੰਥੀਆਂ ਹਾਰਮੋਨ ਨੂੰ ਸਿੱਧੇ______________ਵਿੱਚ ਛੱਡਦੀਆਂ ਹਨ।

35._______ ਦੇ ਲਿੰਗੀ ਗੁਣਸੂਤਰ ਜਨਮ ਤੋਂ ਪਹਿਲਾਂ ਬੱਚੇ ਦਾ ਲਿੰਗ ਨਿਰਧਾਰਨ ਕਰਦੇ ਹਨ।

36. ਗ੍ਰੰਥੀਆਂ ਦੁਆਰਾ ਰਿਸਾਅ ਕੀਤੇ ਰਸਾਇਣਿਕ ਪਦਾਰਥਾਂ ਨੂੰ_________ ਆਖਦੇ ਹਨ।

37. ਪ੍ਰੋੜ ਅਵਸਥਾ ਵਿੱਚ ਚਿਹਰੇ ਦੀਆਂ ਫਿਨਸੀਆਂ_______ ਗ੍ਰੰਥੀ ਦੀ ਕਿਰਿਆਸ਼ੀਲਤਾ ਵੱਧ ਜਾਣ ਕਾਰਨ ਹੁੰਦੀਆਂ ਹਨ।

38. ਪ੍ਰਤੀ ਇਕਾਈ ________ ਵਿੱਚ ਲੱਗ ਰਹੇ __________ ਨੂੰ ਦਬਾਉ ਆਖਦੇ ਹਨ।

39. ਗੁਰੂਤਾਆਕਰਸ਼ਣ ਬਲ ਇਕ ____________ ਬਲ ਹੈ।

40. ਚੁੰਬਕ ਦਾ ਦੱਖਣੀ ਸਿਰਾ, ਉੱਤਰੀ ਸਿਰੇ ਨੂੰ______________ਕਰਦਾ ਹੈ।

41 ਖੂਹ ਤੋਂ ਪਾਣੀ ਕੱਢਣ ਲਈ ਸਾਨੂੰ ਰੱਸੀ ਤੇ___________ ਲਾਉਣਾ ਪੈਂਦਾ ਹੈ।

42. ਇਕ ਚਾਰਜਿਤ ਵਸਤੂ, ਅਣਚਾਰਿਜ ਵਸਤੂ ਨੂੰ _______ ਕਰਦੀ ਹੈ।

43.____________ ਇਕ ਵਿਰੋਧੀ ਬਲ ਹੈ ਜੋ ਉਦੋਂ ਕਾਰਜ ਵਿੱਚ ਆਉਂਦਾ ਹੈ ਜਦੋਂ ਇੱਕ ਸਤ੍ਹਾ ਦੂਜੀ ਸਤ੍ਹਾ ਉੱਤੇ ਚਲਦੀ ਹੈ।

44. ਦ੍ਰਵ ਦੁਆਰਾ ਲਗਾਏ ਗਏ ਰਗੜ ਬਲ ਨੂੰ ____________ ਕਹਿੰਦੇ ਹਨ।

45. ਦੋਨਾਂ ਹੱਥਾਂ ਨੂੰ ਰਗੜਨ ਨਾਲ __________ ਪੈਦਾ ਹੁੰਦਾ ਹੈ।

46. ਕਿਸੇ ਵਸਤੂ ਦੁਆਰਾ ਇੱਕ ਡੋਲਨ ਨੂੰ ਪੂਰਾ ਕਰਨ ਲਈ ਲਏ ਗਏ ਸਮੇਂ ਨੂੰ ________ਕਹਿੰਦੇ ਹਨ।

47. ਧੁਨੀ ਨੂੰ ਸੰਚਾਰ ਲਈ___________ ਚਾਹੀਦਾ ਹੈ।

48. ਧੁਨੀ__________ ਵਿੱਚ ਸਭ ਤੋਂ ਵੱਧ ਗਤੀ ਨਾਲ ਸੰਚਾਰ ਕਰਦੀ ਹੈ।

49. ਹਰਟਜ਼ (Hz) _____________ਦੀ ਇਕਾਈ ਹੈ।

50. ਅਣਚਾਹੀ ਧੁਨੀ ਨੂੰ _____________ਕਹਿੰਦੇ ਹਨ ।

51. 20,000 Hz ਤੋਂ ਵੱਧ ਆਵ੍ਰਿਤੀ ਵਾਲੀ ਧੁਨੀ ਨੂੰ _______ ਕਹਿੰਦੇ ਹਨ।

52. ਧੁਨੀ ਦੇ ਤਿੱਖੇਪਨ ਨੂੰ____________ਕਹਿੰਦੇ ਹਨ |

53. ਧਾਤਾਂ ਬਿਜਲੀ ਦੀਆਂ ___________ਹੁੰਦੀਆਂ ਹਨ।

54. ਚੁੰਬਕੀ ਟੈਸਟਰ ਬਿਜਲੀ ਧਾਰਾ ਦੇ_______________ ਪ੍ਰਭਾਵ ਦੀ ਵਰਤੋਂ ਕਰਦਾ ਹੈ।

55. ਬਿਜਲੀ ਟੈਸਟਰ ਬਿਜਲੀ ਧਾਰਾ ਦੇ_________ ਪ੍ਰਭਾਵ ਦੀ ਵਰਤੋਂ ਨਾਲ ਕੰਮ ਕਰਦਾ ਹੈ।

56. ਜਦੋਂ ਬਿਜਲੀ ਧਾਰਾ ਕਿਸੇ ਇਲੈਕਟ੍ਰੋਲਾਇਟ ਵਿੱਚੋਂ ਲੰਘਦੀ ਹੈ ਤਾਂ ਉਹ __________ਵਿੱਚ ਟੁੱਟ ਜਾਂਦਾ ਹੈ।

57. ਗੈਲਵੈਨੀਕਰਣ ਵਿੱਚ ਲੋਹੇ ਉੱਪਰ _________________ਦੀ ਪਰਤ ਚੜ੍ਹਾਈ ਜਾਂਦੀ ਹੈ।

58. Covid-19 ਇੱਕ_________________ ਰੋਗ ਹੈ।

59. ਦੋ ਵਸਤੂਆਂ ਨੂੰ ਰਗੜਨ ਨਾਲ________ਅਤੇ ___________ ਤਰ੍ਹਾਂ ਦੇ ਚਾਰਜ ਪੈਦਾ ਹੁੰਦੇ ਹਨ।

60.________ਤੇਜ਼ੀ ਨਾਲ ਫੈਲਣ ਵਾਲੀ ਬਿਮਾਰੀ ਹੁੰਦੀ ਹੈ, ਜੋ ਕਿਸੇ ਵਿਸ਼ੇਸ਼ ਖੇਤਰ ਦੀ ਬਹੁਤ ਵੱਡੀ ਆਬਾਦੀ ਵਿੱਚ ਫੈਲਦੀ ਹੈ।

61. ਗਤੀਸ਼ੀਲ ਹਵਾ ਨੂੰ _____________ ਕਹਿੰਦੇ ਹਨ।

62. ਕਿਸੇ ਅਣਚਾਰਜਿਤ ਵਸਤੂ ਨੂੰ__________ ਨਾਲ ਚਾਰਜਿਤ ਕੀਤਾ ਜਾ ਸਕਦਾ ਹੈ।

63. ਪ੍ਰਕਾਸ਼ ਦੀ ਅਣਹੋਂਦ ਨੂੰ____________ਕਹਿੰਦੇ ਹਨ |

64. ਪ੍ਰਕਾਸ਼__________ ਪਦਾਰਥਾਂ/ਮਾਧਿਅਮਾਂ ਵਿੱਚੋਂ ਲੰਘ ਸਕਦਾ ਹੈ।

65. ਸੂਰਜੀ ਪ੍ਰਕਾਸ਼_________ ਰੰਗਾਂ ਦਾ ਬਣਿਆ ਹੁੰਦਾ ਹੈ।

66. ਮਨੁੱਖੀ ਅੱਖ ਵਿੱਚ ਪ੍ਰਤੀਬਿੰਬ____________ਤੇ ਬਣਦਾ ਹੈ।

67. __________ ਆਪਣੀਆਂ ਅੱਖਾਂ ਵੱਖ-ਵੱਖ ਦਿਸ਼ਾਵਾਂ ਵਿੱਚ ਘੁਮਾ ਸਕਦਾ ਹੈ।

68. ਮਧੂਮੱਖੀ ਪਾਲਣ ਅਤੇ ਸਾਂਭ ਸੰਭਾਲ ਨੂੰ _____ਕਹਿੰਦੇ ਹਨ।

ਉੱਤਰ—1. ਕੀਟ 2. ਫਸਲ 3 . ਰਬੀ 4. ਮੱਛੀ ਪਾਲਣ 5. ਮੰਡੀਕਰਣ 6. ਡਰੰਮਾਂ 7. ਸੂਖਮਜੀਵ 8. ਲੈਕਟੋਬੈਸੀਲਸ 9. ਐਸਪਰਜੀਲਸ 10. 70 ^{0}C to 100 ^{0}C 11. ਪਥਰਾਟ 12. ਅਸੀਮਤ 13. ਕਾਰਬਨੀਕਰਨ 14. ਕਾਰਬਨ ਡਾਈਆਕਸਾਈਡ 15. 55000 Kj/Kg 16. ਬਾਹਰੀ 17, ਆਕਸੀਜਨ 18 . ਪ੍ਰਦੂਸ਼ਣ 19 ਐਲ. ਪੀ .ਜੀ (L.P.G) 20 ਜਲਣਸ਼ੀਲ ਤਾਪਮਾਨ 21. ਪਾਣੀ 22. ਸਰਦ, 23. ਖੇਤਰੀ 24. ਕਾਲਾ ਹਿਰਣ 25. ਅਕਤੂਬਰ 26. ਕਪੂਰਥਲਾ 27. ਰੇਗਿਸਤਾਨ 28. ਨਿਸ਼ੇਚਨ, 29 ਅਲਿੰਗੀ 30. ਅਮੀਬਾ 31 . ਅੰਦਰੂਨੀ 32. ਭਰੂਣ 33 . ਯੁਗਮਜ਼ 34. ਖੂਨ 35. ਨਰ 36. ਹਾਰਮੋਨ 37. ਪਸੀਨਾ ਅਤੇ ਸੈਬੇਸ਼ੀਅਸ ਗ੍ਰੰਥੀਆਂ 38. ਖੇਤਰਫਲ, ਬਲ 39. ਆਕਰਸ਼ਕ 40. ਆਕਰਸ਼ਿਤ 41. ਖਿੱਚ 42 ਆਕਰਸ਼ਿਤ 43. ਰਗੜ 44. ਦ੍ਰਵ ਰਗੜ 45. ਤਾਪ 46. ਆਵਰਤਕਾਲ 47. ਮਾਧਿਅਮ 48. ਠੋਸ 49. ਆਵ੍ਰਿਤੀ 50. ਸ਼ੋਰ 51. ਪਰਾਸਰਵਣ ਧੁਨੀ 52. ਪਿੱਚ 53. ਸੁਚਾਲਕ 54. ਚੁੰਬਕੀ 55. ਬਿਜਲਈ 56. ਅਇਨਾਂ 57. ਜਿਸਤ 58. ਵਿਸ਼ਵ ਪੱਧਰੀ ਮਹਾਂਮਾਰੀ 59. ਧਨ, ਰਿਣ 60. ਮਹਾਂਮਾਰੀ 61. ਪੌਣ 62. ਰਗੜ 63. ਅੰਧਕਾਰ (ਹਨੇਰਾ) 64. ਪਾਰਦਰਸ਼ੀ 65. ਸੱਤ 66. ਰੈਟੀਨਾ 67. ਗਿਰਗਿਟ 68. ਮਧੂਮੱਖੀ ਪਾਲਣ

3. ਸਹੀ ਲਈ (√) ਅਤੇ ਗਲਤ ਲਈ (x) ਦਾ ਨਿਸ਼ਾਨ ਲਗਾਓ (1 ਅੰਕ ਵਾਲੇ ਪ੍ਰਸ਼ਨ)

1. ਫ਼ਲ ਅਤੇ ਸਬਜੀਆਂ ਪੈਦਾ ਕਰਨ ਨੂੰ ਮੱਛੀ ਪਾਲਣ ਕਹਿੰਦੇ ਹਨ।

2. ਰਸਾਇਣਿਕ ਖਾਦਾਂ ਦੀ ਵੱਧ ਵਰਤੋਂ ਨਾਲ ਮਿੱਟੀ ਤੇਜ਼ਾਬੀ ਜਾਂ ਖਾਰੀ ਹੋ ਜਾਂਦੀ ਹੈ।

3. ਰੂੜੀ ਖਾਦ ਵਿੱਚ ਰਸਾਇਣਿਕ ਖਾਦ ਦੀ ਤੁਲਨਾ ਵਿੱਚ ਵੱਧ ਪੋਸ਼ਕ ਹੁੰਦੇ ਹਨ।

4 ਮਿੱਟੀ ਪੁੱਟਣ ਲਈ ਸੁਹਾਗੇ ਦੀ ਵਰਤੋਂ ਕੀਤੀ ਜਾਂਦੀ ਹੈ।

5. ਦੰਦਰਾਲ ਅਜਿਹਾ ਖੇਤੀ ਸੰਦ ਹੈ ਜਿਸ ਦੀ ਵਰਤੋਂ ਨਦੀਨ ਕੱਢਣ ਲਈ ਕੀਤੀ ਜਾਂਦੀ ਹੈ।

6. ਨੰਗੀ ਅੱਖ ਨਾਲ ਸਾਰੇ ਜੀਵ ਵੇਖੇ ਜਾ ਸਕਦੇ ਹਨ।

7. ਐਂਟਨ ਵੈਨ ਲਿਊਵੇਨਹਾਕ ਪਹਿਲਾ ਵਿਅਕਤੀ ਸੀ ਜਿਸ ਨੇ ਇੱਕ ਸੈੱਲੀ ਸੂਖਮ ਜੀਵਾਂ ਦੀ ਵਿਆਖਿਆ ਕੀਤੀ।

8. ਪੈਨਸੀਲੀਨ, ਪੈਨੀਸੀਲੀਅਮ ਨੋਟੈਟਮ ਤੋਂ ਤਿਆਰ ਕੀਤਾ ਜਾਂਦੀ ਹੈ।

9. ਸੂਖਮਜੀਵ ਜੋ ਪੌਦਿਆਂ ਅਤੇ ਜੰਤੂਆਂ ਲਈ ਲਾਭਕਾਰੀ ਹੁੰਦੇ ਹਨ ਉਨ੍ਹਾਂ ਨੂੰ ਰੋਗਜਨਕ ਕਹਿੰਦੇ ਹਨ।

10. ਪਥਰਾਟ ਬਾਲਣ ਪ੍ਰਯੋਗਸ਼ਾਲਾ ਵਿੱਚ ਬਣ ਸਕਦੇ ਹਨ।

11. CNG, ਡੀਜ਼ਲ ਨਾਲੋਂ ਵਧੇਰੇ ਪ੍ਰਦੂਸ਼ਣ ਕਰਦੀ ਹੈ

12. ਕੋਕ, ਕਾਰਬਨ ਦਾ ਸ਼ੁੱਧ ਰੂਪ ਹੈ।

13. ਕੋਲਾ ਅਤੇ ਪੈਟਰੋਲੀਅਮ ਅਸੀਮਤ ਕੁਦਰਤੀ ਸਾਧਨ ਹਨ।

14. ਕੋਲ-ਤਾਰ ਬਹੁ ਤੱਤਾਂ ਦਾ ਮਿਸ਼ਰਣ ਹੈ।

15. ਕਪੂਰ ਦਾ ਜਲਣਾ ਇੱਕ ਤੇਜ਼ ਬਲਣ ਹੈ।

16. ਬਲਣ ਇੱਕ ਭੌਤਿਕ ਤਬਦੀਲੀ ਹੈ।

17. ਬਲਣ ਲਈ ਹਵਾ ਜ਼ਰੂਰੀ ਹੈ।

18. ਤੇਲ ਨਾਲ ਸ਼ੁਰੂ ਹੋਈ ਅੱਗ ਪਾਣੀ ਨਾਲ ਬੁਝਾਈ ਜਾ ਸਕਦੀ ਹੈ।

19. ਰੁੱਖਾਂ ਦਾ ਕੱਟਣਾ ਜੰਗਲਾਂ ਦੀ ਤਬਾਹੀ ਦਾ ਇੱਕ ਕੁਦਰਤੀ ਕਾਰਨ ਹੈ।

20. ਅੰਤਰਰਾਸ਼ਟਰੀ ਪੱਧਰ ਦੀਆਂ ਜਲਗਾਹਾਂ ਨੂੰ ਰਾਮਸਰ ਜਲਗਾਹਾਂ ਕਹਿੰਦੇ ਹਨ।

21. ਰਹਿਮਾਪੁਰ ਤਖੱਣੀ ਜੰਗਲੀ ਜੀਵ ਸੁਰੱਖਿਆ ਰੱਖ ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਵਿੱਚ ਸਥਿਤ ਹੈ।

22. ਪਾਂਡਾ ਰਾਜਸਥਾਨ ਦਾ ਖੇਤਰੀ ਜੰਤੂ ਹੈ।

23. ਊਂਠ ਪੰਜਾਬ ਦਾ ਰਾਜ ਪਸ਼ੂ ਹੈ।

24. ਕਿਸੇ ਥਾਂ ਦੇ ਜੀਵ-ਜੰਤੂਆਂ ਵਿੱਚ ਜੜ੍ਹੀਆਂ ਬੂਟੀਆਂ, ਝਾੜੀਆਂ ਅਤੇ ਰੁੱਖ ਸ਼ਾਮਲ ਹੁੰਦੇ ਹਨ।

25. ਅੰਡੇ ਦੇਣ ਵਾਲੇ ਜੰਤੂਆਂ ਨੂੰ ਅੰਡਜ਼ ਕਹਿੰਦੇ ਹਨ।

26. ਹਰ ਸ਼ੁਕਰਾਣੂ (Sperm) ਇਕ ਸੈੱਲ ਤੋਂ ਬਣਿਆ ਹੁੰਦਾ ਹੈ।

27. ਹਾਈਡਰਾ, ਖੰਡਨ ਵਿਧੀ ਰਾਹੀਂ ਜਣਨ ਕਰਦਾ ਹੈ।

28. ਨਿਸ਼ੇਚਨ ਕਿਰਿਆ ਰਾਹੀਂ ਯੁਗਮਜ ਪੈਦਾ ਹੁੰਦਾ ਹੈ।

29. ਮਨੁੱਖ ਵਿੱਚ ਬਾਹਰੀ ਨਿਸ਼ੇਚਨ ਕਿਰਿਆ ਹੁੰਦੀ ਹੈ।

30. ਕਿਸ਼ੋਰਾਂ ਨੂੰ ਸੰਤੁਲਿਤ ਭੋਜਨ ਦੀ ਜਰੂਰਤ ਨਹੀਂ ਹੁੰਦੀ।

31. ਮਾਸਿਕ ਚੱਕਰ ਦਾ ਬੰਦ ਹੋਣਾ ਰਜੋਦਰਸ਼ਨ ਅਖਵਾਉਂਦਾ ਹੈ।

32. ਅੰਡਕੋਸ਼ ਟੈਸਟੋਸਟੀਰੋਨ ਹਾਰਮੋਨ ਉਤਪੰਨ ਕਰਦਾ ਹੈ।

33. ਲਾਰਵਾ ਤੋਂ ਪੌੜ੍ਹ ਬਣਨ ਦੇ ਪਰਿਵਰਤਨ ਨੂੰ ਕਾਇਆ ਪਰਿਵਰਤਨ ਆਖਦੇ ਹਨ।

34. ਸਰੀਰ ਦੇ ਵਾਧੇ ਅਤੇ ਵਿਕਾਸ ਵਿੱਚ ਹਾਰਮੋਨ ਦਾ ਯੋਗਦਾਨ ਬਹੁਤ ਘੱਟ ਹੈ।

35. ਤਰਲਾਂ ਦਾ ਬਰਤਨ ਦੀ ਤਲ ਤੇ ਦਬਾਉ ਸਭ ਤੋਂ ਘੱਟ ਹੁੰਦਾ ਹੈ।

36. ਰਗੜ ਬਲ ਇੱਕ ਗੈਰ ਸੰਪਰਕ ਬਲ ਹੈ।

37. ਇਕ ਚੁੰਬਕ ਦਾ ਉੱਤਰੀ ਧਰੁਵ, ਦੂਜੇ ਚੁੰਬਕ ਦੇ ਦੱਖਣੀ ਧਰੁਵ ਨੂੰ ਅਪਕਰਸ਼ਿਤ ਕਰਦਾ ਹੈ।

38. ਗੁਰੂਤਾਬਲ ਇਕ ਸੰਪਰਕ ਬਲ ਹੈ।

39. ਬਲ ਕਿਸੇ ਵਸਤੂ ਦੀ ਗਤੀ ਅਵਸਥਾ ਵਿੱਚ ਪਰਿਵਰਤਨ ਕਰ ਸਕਦਾ ਹੈ।

40 ਟਰਾਲੀ ਬੈਗਾਂ ਵਿੱਚ ਰੋਲਰਸ ਦੀ ਵਰਤੋਂ ਕਰਕੇ ਟਰਾਲੀ ਨੂੰ ਖਿਚਣਾ ਔਖਾ ਹੋ ਜਾਂਦਾ ਹੈ।

41. ਤੇਲ ਅਤੇ ਸਨੇਹਕ ਲਗਾਉਣ ਨਾਲ ਰਗੜ ਘੱਟ ਜਾਂਦੀ ਹੈ।

42. ਅਸੀਂ ਤਿਲਕਣੇ ਰਾਹ ਤੇ ਰੇਤ ਛਿੜਕ ਕੇ ਰਗੜ ਵਧਾ ਸਕਦੇ ਹਾਂ।

43. 20Hz ਤੋਂ ਘੱਟ ਆਵ੍ਰਿਤੀ ਵਾਲੀ ਧੁਨੀ ਨੂੰ ਨੀਮ ਧੁਨੀ ਕਿਹਾ ਜਾਂਦਾ ਹੈ।

44. ਧੁਨੀ ਖ਼ਲਾਅ ਵਿੱਚ ਸੰਚਾਰ ਕਰ ਸਕਦੀ ਹੈ।

45. 80 dB ਤੋਂ ਵੱਧ ਪ੍ਰਬਲਤਾ ਵਾਲੀ ਧੁਨੀ ਹਾਨੀਕਾਰਕ ਹੁੰਦੀ ਹੈ।

46 ਸ਼ੇਰ ਦੀ ਧੁਨੀ ਦੀ ਆਵ੍ਰਿਤੀ ਮੱਛਰ ਦੀ ਧੁਨੀ ਦੀ ਆਵ੍ਰਿਤੀ ਤੋਂ ਵੱਧ ਹੁੰਦੀ ਹੈ।

47. ਧੁਨੀ ਦੀ ਪਿੱਚ ਉਸ ਦੇ ਕੰਪਨਾਂ ਦੇ ਆਯਾਮ ਤੇ ਨਿਰਭਰ ਕਰਦੀ ਹੈ।

48. ਧੁਨੀ ਧਾਗa ਵਿੱਚੋਂ ਸੰਚਾਰ ਨਹੀਂ ਕਰ ਸਕਦੀ।

49. ਤਰਲਾਂ ਵਿੱਚੋਂ ਬਿਜਲੀ ਧਾਰਾ ਨਹੀਂ ਲੰਘਦੀ।

50. ਬਿਜਲੀ ਮੁਲੰਮਾਕਰਣ ਬਿਜਲੀ ਧਾਰਾ ਦੇ ਤਾਪਨ ਪ੍ਰਭਾਵ ਦੀ ਵਰਤੋਂ ਨਾਲ ਹੁੰਦਾ ਹੈ।

51. ਬਿਜਲੀ ਟੈਸਟਰ ਦੀ ਵਰਤੋਂ ਕਰਕੇ ਅਸੀਂ ਪਤਾ ਕਰ ਸਕਦੇ ਹਾਂ ਕਿ ਕਿਸੇ ਤਾਰ ਜਾ ਯੰਤਰ ਵਿੱਚ ਬਿਜਲੀ ਧਾਰਾ ਹੈ ਜਾਂ ਨਹੀਂ।

52. ਨਕਲੀ ਗਹਿਣੇ ਸੋਨੇ ਦੇ ਗਹਿਣਿਆਂ ਤੋਂ ਮਹਿੰਗੇ ਹੁੰਦੇ ਹਨ।

53. ਲੋਹੇ ਦੇ ਉੱਪਰ ਕ੍ਰੋਮੀਅਮ ਦੀ ਪਰਤ ਚੜ੍ਹਾਉਣ ਨੂੰ ਗੈਲਵੇਨਾਈਜੇਸ਼ਨ ਕਹਿੰਦੇ ਹਨ।

54. ਚੱਕਰਵਾਤ, ਹਰੀਕੇਨ ਅਤੇ ਟਾਈਫੂਨ ਸਾਰੇ ਤਾਪਖੰਡੀ ਤੂਫ਼ਾਨ ਹਨ।

55. ਆਕਾਸ਼ੀ ਬਿਜਲੀ ਦੀ ਗਰਜ ਅਤੇ ਚਮਕ ਸਮੇਂ ਸਾਨੂੰ ਕਿਸੇ ਵੱਡੇ ਰੁੱਖ ਹੇਠਾਂ ਜਾਂ ਖੰਭੇ ਹੇਠਾਂ ਪਨਾਹ ਲੈਣੀ ਚਾਹੀਦੀ ਹੈ |

56. ਉੱਚੀਆਂ ਇਮਾਰਤਾਂ ਅਤੇ ਵੱਡੇ ਟਾਵਰਾਂ ਨੂੰ ਅਕਾਸ਼ੀ ਬਿਜਲੀ ਤੋਂ ਬਚਾਉਣ ਲਈ ਆਕਾਸ਼ੀ ਬਿਜਲੀ ਚਾਲਕ (Lightning Conductor) ਦੀ ਵਰਤੋਂ ਕੀਤੀ ਜਾਂਦੀ ਹੈ।

57. ਹਵਾ ਦੀ ਚਾਲ ਸੀਜ਼ਮੋਗਰਾਫ ਨਾਲ ਮਾਪੀ ਜਾਂਦੀ ਹੈ।

58. ਆਕਾਸ਼ੀ ਬਿਜਲੀ ਸਮੇਂ ਛਤਰੀ ਦੀ ਵਰਤੋਂ ਨਾ ਕਰੋ।

59. ਮੋਮਬੱਤੀ ਪ੍ਰਕਾਸ਼ ਦਾ ਕੁਦਰਤੀ ਸੋਮਾ ਹੈ।

60. ਰੈਟੀਨਾ ਅੱਖ ਦੇ ਡੇਲੇ ਦੀ ਸਭ ਤੋਂ ਬਾਹਰੀ ਪਰਤ ਹੁੰਦੀ ਹੈ।

61. ਆਈਰਿਸ ਦੇ ਵਿਚਕਾਰਲੇ ਛੇਦ ਨੂੰ ਪੁਤਲੀ ਕਹਿੰਦੇ ਹਨ।

62 ਹਨੇਰੇ ਦੇ ਜੀਵ ਕੇਵਲ ਉਜਲੇ ਪ੍ਰਕਾਸ਼ ਵਿੱਚ ਹੀ ਦੇਖ ਸਕਦੇ ਹਨ।

63 ਚੁਣੌਤੀ ਵਾਲੇ ਨੇਤਰਹੀਨਾਂ ਲਈ ਲਿਖਣ ਦੀ ਬਰੇਲ-ਪ੍ਰਣਾਲੀ ਦੀ ਕਾਢ ਹੈਲੇਨ ਕੀਲਰ ਨੇ ਕੱਢੀ ਸੀ।

ਉੱਤਰ—1. × 2. √ 3. x 4. × 5. √ 6. × 7. √ 8. √ 9.× 10. × 11. × 12. √ 13. x 14. x 15. x 16.× 17. √ 18. × 19. x 20. √ 21. √ 22. x 23. x 24 x 25. √ 26. √ 27. x 28. √ 29. x 30. × 31. x 32 x 33. √ 34. x 35. x 36. x 37. x 38. x 39. √ 40. x 41. √ 42. √ 43. √ 44. x 45. √ 46. x 47. √ 48. x 49. x 50. x 51. √ 52. x 53. x 54. √ 55. × 56. √ 57. × 58. √ 59. × 60. × 61. √ 62. × 63. × .

4. ਕਾਲਮ (ੳ) ਅਤੇ (ਅ) ਦਾ ਮਿਲਾਨ ਕਰੋ: (1 ਅੰਕ ਵਾਲੇ ਪ੍ਰਸ਼ਨ)

(ੳ)	(ਅ)
1. ਇਹ ਇੱਕ ਅਜਿਹਾ ਖੇਤੀ ਸੰਦ ਹੈ ਜੋ ਕਟਾਈ ਅਤੇ ਗਹਾਈ ਕਰਕੇ ਦਾਣੇ ਵੱਖ ਕਰਦਾ ਹੈ।	ੳ. ਯੂਰੀਆ
2. ਮਾਸ ਅਤੇ ਅੰਡਿਆਂ ਲਈ ਪੰਛੀ ਪਾਲਣ ਨੂੰ	ਅ. ਰਬੀ ਫਸਲਾਂ

ਕਹਿੰਦੇ ਹਨ।	
3. ਇਹ ਨਾਈਟਰੋਜਨ ਭਰਪੂਰ ਰਸਾਇਣਿਕ ਖਾਦ ਹੈ।	ੲ. ਖਰੀਫ਼ ਫਸਲਾਂ
4. ਜੌਂ ਅਤੇ ਸਰੋਂ	ਸ. ਪੋਲਟਰੀ
5. ਮੱਕੀ ਅਤੇ ਝੋਨਾ	ਹ . ਕੰਬਾਈਨ

ਉੱਤਰ—1. ਹ 2. ਸ 3. ੳ 4. ਅ 5. ੲ

(ੳ)	(ਅ)
1. ਸਟ੍ਰੈਪਟੋਕੋਕਸ	ੳ. ਕਾਈ
2. ਪੈਨੀਸੀਲੀਅਮ	ਅ. ਵਿਸ਼ਾਣੂ
3. ਕਲੋਮਾਈਡੋਮੋਨਾਸ	ੲ. ਜੀਵਾਣੂ
4. ਐਚ. ਆਈ .ਵੀ	ਸ. ਉੱਲੀ

ਉੱਤਰ—1. ੲ 2. ਸ 3. ੳ 4. ਅ

(ੳ)	(ਅ)
1. ਪੰਜਾਬ ਦਾ ਰਾਜ ਪਸ਼ੂ	ੳ. ਰੈੱਡ ਡਾਟਾ ਬੁੱਕ
2. ਪੰਜਾਬ ਦੇ ਕੰਢੀ ਖੇਤਰ ਅਤੇ ਹਿਮਾਚਲ ਪ੍ਰਦੇਸ਼ ਦੇ ਹੇਠਲੇ ਖੇਤਰਾਂ ਵਿੱਚ ਪਾਇਆ ਜਾਣ ਵਾਲਾ ਬੱਕਰੀ ਵਰਗਾ ਜੰਗਲੀ ਹਿਰਨ।	ਅ. ਜੈਵਿਕ ਵਿਭਿੰਨਤਾ
3. ਅਜਿਹੀ ਕਿਤਾਬ ਜਿਸ ਵਿੱਚ ਜੀਵਾਂ ਦੀਆਂ ਖ਼ਤਰੇ ਦੀ ਕਗਾਰ ਵਾਲੀ ਪ੍ਰਜਾਤੀਆਂ ਦੇ ਵੇਰਵੇ ਹੁੰਦੇ ਹਨ।	ੲ. ਅਲੋਪ ਹੋ ਚੁੱਕੇ
4. ਪੌਦਿਆਂ ਜੰਤੂਆਂ ਅਤੇ ਸੂਖਮਜੀਵਾਂ ਦੀਆਂ ਬਹੁਤ ਸਾਰੀ ਪ੍ਰਜਾਤੀਆਂ ਦੀ ਮੌਜੂਦਗੀ।	ਸ. ਕੱਕੜ
5. ਉਹ ਜੀਵ/ ਪ੍ਰਜਾਤੀਆਂ ਜੋ ਪੂਰੀ ਤਰ੍ਹਾਂ ਖਤਮ ਹਨ।	ਹ . ਕਾਲਾ ਹਿਰਣ

ਉੱਤਰ—1. ਹ 2. ਸ 3. ੳ 4. ਅ 5. ੲ

(ੳ)	(ਅ)
1. ਆਪਣੇ ਵਰਗੇ ਹੋਰ ਜੀਵ ਪੈਦਾ ਕਰਨ ਦੀ ਪ੍ਰਕਿਰਿਆ	ੳ. ਅੰਡਜ
2. ਹਾਈਡਰਾ ਵਿੱਚ ਅਲਿੰਗੀ ਪ੍ਰਜਣਨ ਦੀ ਇੱਕ ਵਿਧੀ	ਅ. ਯੁਗਮਜ
3. ਇਸ ਦੀ ਨਿਸ਼ੇਚਨ ਕਿਰਿਆ ਪਾਣੀ ਵਿੱਚ ਹੁੰਦੀ ਹੈ	ੲ. ਪ੍ਰਜਣਨ
4. ਅੰਡੇ ਦੇਣ ਵਾਲੇ ਜੰਤੂ	ਸ. ਡੱਡੂ
5. ਸੁਕਰਾਣੂ ਅਤੇ ਅੰਡਾ ਮਿਲ ਕੇ ਬਣਾਉਂਦੇ ਹਨ।	ਹ . ਕਲੀਆਂ ਰਾਹੀਂ

ਉੱਤਰ—1. ੲ 2. ਹ 3. ਸ 4. ੳ 5. ਅ

(ੳ)	(ਅ)

1. ਲੁੱਬਾ ਗ੍ਰੰਥੀ	ੳ. ਗਿਲੜ
2. ਥਾਇਰਾਇਡ ਗ੍ਰੰਥੀ	ਅ. ਇਨਸੂਲਿਨ
3. ਪਤਾਲੂ	ੲ. ਐਸਟ੍ਰੋਜਨ
4. ਪਿਊਸ਼ (ਪੀਚੂਟਰੀ) ਗ੍ਰੰਥੀ	ਸ. ਟੈਸਟੋਸਟੀਰੋਨ
5. ਅੰਡਕੋਸ਼	ਹ. ਵਾਧਾ ਹਾਰਮੋਨ

ਉੱਤਰ—1. (ਅ) 2. (ੳ) 3. (ਸ) 4. (ਹ) 5. (ੲ)

(ੳ)	(ਅ)
1. ਦਬਾਓ	ੳ. ਖਿੱਚ ਜਾਂ ਧੱਕਾ
2. ਗੁਰੂਤਾਕਰਸ਼ਨ ਬਲ	ਅ. ਡਰਾਪਰ ਦੀ ਵਰਤੋਂ
3. ਵਾਯੂਮੰਡਲੀ ਦਬਾਉ	ੲ. ਬਲ/ਖੇਤਰਫਲ
4. ਬਲ	ਸ. ਵਸਤੂ ਦੀ ਗਤੀ ਨੂੰ ਰੋਕਦਾ ਹੈ।
5. ਰਗੜ ਬਲ	ਹ. ਗੈਰ ਸੰਪਰਕ ਬਲ

ਉੱਤਰ—1. ੲ 2. ਹ 3. ਅ 4. ੳ 5. ਸ

(ੳ)	(ਅ)
1. ਸਮੁੰਦਰੀ ਜਹਾਜ਼ ਕਿਸ਼ਤੀਆਂ ਅਤੇ ਹਵਾਈ ਜਹਾਜ਼ ਇਸ ਸ਼ਕਲ ਦੇ ਬਣਾਏ ਜਾਂਦੇ ਹਨ	ੳ. ਬਾਲ ਬੇਅਰਿੰਗ
2. ਖਿਡਾਰੀਆਂ ਦੀਆਂ ਜੁੱਤੀਆਂ ਦੇ ਤਲੇ ਤੇ	ਅ. ਵਾਯੂਮੰਡਲੀ ਰਗੜ
3. ਤਰਲ ਰਗੜ ਕਾਰਨ ਵਿਰੋਧੀ ਬਲ	ੲ. ਗਰੂਵ (grooves)
4. ਉਲਕਾ ਅਤੇ ਟੁੱਟਦੇ ਤਾਰੇ ਤੋਂ ਬਚਾਉਂਦਾ ਹੈ	ਸ. ਸਟ੍ਰੀਮਲਾਈਂਡ(streamlined)
5. ਬਹੁਤ ਘੱਟ ਰਗੜ ਵਾਲੇ ਮਸ਼ੀਨਾਂ ਦੇ ਪੁਰਜੇ	ਹ . ਡਰੈਗ

ਉੱਤਰ—1. ਸ 2. ੲ 3. ਹ 4. ਅ 5. ੳ

(ੳ)	(ਅ)
1. ਸ਼ੋਰ	ੳ . ਆਵ੍ਰਿਤੀ ਦੀ ਇਕਾਈ
2. ਵਾਕਯੰਤਰ	ਅ. ਮਨੁੱਖੀ ਅੰਗ ਜੋ ਧੁਨੀ ਪੈਦਾ ਕਰਦਾ ਹੈ।
3. ਹਰਟਜ਼	ੲ. ਪ੍ਰਬਲਤਾ
4. ਡੈਸੀਬਲ	ਸ. ਸੰਗੀਤਕ ਸਾਜ਼
5. ਬੰਸਰੀ	ਹ. ਬੇਲੋੜੀਆਂ ਧੁਨੀਆਂ

ਉੱਤਰ—1. ਹ 2. ਅ 3. ੳ 4. ੲ 5. ਸ

(ੳ)	(ਅ)
1. ਚਾਰਜ ਦਾ ਪ੍ਰਵਾਹ	ੳ . ਕ੍ਰੋਮੀਅਮ

2. ਬਿਜਲੀ ਧਾਰਾ ਦਾ ਸਰੋਤ	ਅ. ਬਿਜਲੀ ਮੁਲੰਮਾਕਰਣ
3. ਇਹ ਧਾਤ ਸਾਈਕਲ ਦੇ ਹੈਂਡਲਾਂ ਤੇ ਚੜ੍ਹਾਈ ਜਾਂਦੀ ਹੈ।	ੲ. ਗੈਲਵੇਨਾਈਜ਼ੇਸ਼ਨ
4. ਬਿਜਲੀ ਧਾਰਾ ਦੀ ਵਰਤੋਂ ਕਰਕੇ ਵਧੀਆ ਧਾਤ ਦੀ ਸਸਤੀ ਧਾਤ ਤੇ ਪਰਤ ਚੜ੍ਹਾਈ ਜਾਂਦੀ ਹੈ।	ਸ. ਬਿਜਲੀ ਧਾਰਾ
5. ਲੋਹੇ ਦੀਆਂ ਪਲੇਟਾਂ ਉੱਤੇ ਜ਼ਿੰਕ ਦੀ ਪਰਤ	ਹ. ਬਿਜਲੀ ਸੈੱਲ

ਉੱਤਰ—1. ਸ 2. ਹ 3. ੳ 4. ਅ 5. ੲ

(ੳ)	(ਅ)
1. ਸਾਲ 2020 ਵਿੱਚ ਫੈਲੀ ਵਿਸ਼ਵ ਵਿਆਪੀ ਮਹਾਂਮਾਰੀ ਜੋ ਸਾਰੀ ਦੁਨੀਆਂ ਵਿਚ ਫੈਲੀ	ੳ. ਸੋਨ ਪੱਤਰ ਬਿਜਲੀ ਦਰਸ਼ੀ
2. ਸਮੁੰਦਰੀ ਤੂਫ਼ਾਨ/ ਚੱਕਰਵਾਤ ਜਿਸਨੇ ਮਈ 2020 ਵਿੱਚ ਉੜੀਸਾ ਦੇ ਤੱਟੀ ਖੇਤਰਾਂ ਨੂੰ ਪ੍ਰਭਾਵਿਤ ਕੀਤਾ।	ਅ. ਆਕਾਸ਼ੀ ਬਿਜਲੀ
3. ਜਦ ਦੋ ਚਾਰਜਿਤ ਬੱਦਲ ਇੱਕ ਦੂਜੇ ਵੱਲ ਆਉਂਦੇ ਹਨ ਤਾਂ ਪੈਦਾ ਹੁੰਦੀ ਹੈ।	ੲ. ਹਾਈਪੋਸੈਂਟਰ
4. ਇਸ ਦੀ ਵਰਤੋਂ ਵਸਤੂ ਤੇ ਚਾਰਜ ਪਤਾ ਕਰਨ ਲਈ ਕੀਤੀ ਜਾਂਦੀ ਹੈ।	ਸ. ਕੋਵਿਡ-19
5. ਧਰਤੀ ਦੀ ਪੇਪੜੀ ਅੰਦਰ ਉਹ ਥਾਂ ਜਿੱਥੇ ਭੁਚਾਲ ਪੈਦਾ ਹੁੰਦਾ ਹੈ	ਹ . ਅੰਫਾਨ

ਉੱਤਰ—1. ਸ 2. ਹ 3. ਅ 4. ੳ 5. ੲ

(ੳ)	(ਅ)
1. ਦਰਪਣਾਂ ਰਾਹੀਂ ਪਰਾਵਰਤਨ ਦੌਰਾਨ ਪਰਾਵਰਤਨ ਕੋਣ ਹਮੇਸ਼ਾ ਬਰਾਬਰ ਹੁੰਦਾ ਹੈ।	ੳ . ਕਾਰਨੀਆ
2. ਅੱਖ ਦੇ ਇਸ ਭਾਗ ਕਾਰਣ ਅੱਖ ਦਾ ਰੰਗ ਹੁੰਦਾ ਹੈ।	ਅ. ਸੂਰਜ
3. ਇਹ ਊਰਜਾ ਦਾ ਕੁਦਰਤੀ ਸੋਮਾ ਹੈ।	ੲ ਉੱਲੂ
4. ਇਹ ਅੱਖ ਦੀ ਪਰਤ ਸਕਲੇਰਾ ਦੀ ਅਗਲੀ ਪਾਰਦਰਸ਼ੀ ਪਰਤ ਹੈ|	ਸ. ਆਪਤਨ ਕੋਣ
5. ਇਹ ਹਨੇਰੇ ਦਾ ਜੀਵ ਹੈ।	ਹ. ਆਇਰਸ

ਉੱਤਰ—1. ਸ 2. ਹ 3. ਅ 4. ੳ 5. ੲ

(ੳ)	(ਅ)
1. ਐਲ.ਪੀ.ਜੀ	ੳ. KJ/Kg
2. ਕੈਲੋਰੀ ਮੁਲ	ਅ. ਤੇਜ਼ ਬਲਣ
3. ਅੱਗ ਬੁਝਾਉਣ ਵਾਲਾ	ੲ. ਗੈਰ ਜਲਾਉਣਯੋਗ

4. ਸ਼ੀਸ਼ਾ	ਸ. CO_2

ਉੱਤਰ—1. ਅ 2. ੳ 3. ਸ 4. ੲ

(ੳ)	(ਅ)
1. ਰਸੋਈ ਵਿੱਚ ਵਰਤੋਂ ਲਈ ਬਾਲਣ	ੳ. CNG
2. ਵਾਹਨਾਂ ਲਈ ਸਭ ਤੋਂ ਘੱਟ ਪ੍ਰਦੂਸ਼ਣ ਕਰਨ ਵਾਲਾ ਬਾਲਣ	ਅ. ਕੋਲਾ ਗੈਸ
3. ਕੋਲਾ ਜਲਾਉਣ ਤੇ ਪੈਦਾ ਹੋਣ ਵਾਲੀ ਗੈਸ	ੲ. LPG

ਉੱਤਰ—1. ੲ 2. ੳ 3. ਅ